# ਕੀ ਤੁਸੀਂ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਦੇ ਸੰਸਥਾਤਮਕ ਢਾਂਚੇ (Child and Youth Safe Organisations Framework) ਲਈ ਤਿਆਰ ਹੋ?

**ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਦਾ ਸੰਸਥਾਤਮਕ ਢਾਂਚਾ (ਢਾਂਚਾ) ਕੀ ਹੈ?**

- ਜੇ ਤੁਹਾਡੀ ਸੰਸਥਾ ਬੱਚਿਆਂ ਅਤੇ ਨੌਜਵਾਨਾਂ ਨਾਲ ਜੁੜਦੀ ਹੈ, ਤਾਂ ਇਸ ਨੂੰ ਕਾਨੂੰਨੀ ਤੌਰ 'ਤੇ 2024 ਤੋਂ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਦੇ ਸੰਸਥਾਤਮਕ ਢਾਂਚੇ ਦੀ ਪਾਲਣਾ ਕਰਨ ਦੀ ਲੋੜ ਪੈ ਸਕਦੀ ਹੈ।

- ਇਹ ਨਵੀਆਂ ਕਾਨੂੰਨੀ ਲੋੜਾਂ ਸੰਸਥਾਵਾਂ ਨਾਲ ਸਬੰਧਿਤ ਹਾਲਾਤਾਂ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਬਾਰੇ ਹਨ।

- ਇਸੇ ਤਰ੍ਹਾਂ ਦੀਆਂ ਕਾਨੂੰਨੀ ਲੋੜਾਂ ਨੇ ਆਸਟ੍ਰੇਲੀਆ ਦੇ ਹੋਰ ਰਾਜਾਂ ਦੀਆਂ ਸੰਸਥਾਵਾਂ ਨੂੰ ਬੱਚਿਆਂ ਅਤੇ ਨੌਜਵਾਨਾਂ ਦੀ ਰੱਖਿਆ ਕਰਨ ਦੇ ਅਧਿਕਾਰਾਂ ਨੂੰ ਕਾਇਮ ਰੱਖਣ ਵਿੱਚ ਆਪਣੇ ਹੁਨਰ ਨੂੰ ਮਜ਼ਬੂਤ ਕਰਦੇ ਵੇਖਿਆ ਹੈ।

**ਢਾਂਚਾ ਕਿਸ 'ਤੇ ਲਾਗੂ ਹੁੰਦਾ ਹੈ?**

- ਉਹ ਸੰਸਥਾਵਾਂ ਜੋ ਵਿਸ਼ੇਸ਼ ਤੌਰ 'ਤੇ ਬੱਚਿਆਂ ਵਾਸਤੇ ਸੇਵਾਵਾਂ ਪ੍ਰਦਾਨ ਕਰਦੀਆਂ ਹਨ, ਜਾਂ ਆਪਣੀ ਨਿਗਰਾਨੀ ਹੇਠ ਬੱਚਿਆਂ ਦੁਆਰਾ ਵਿਸ਼ੇਸ਼ ਤੌਰ 'ਤੇ ਵਰਤਣ ਲਈ ਸੁਵਿਧਾਵਾਂ ਪ੍ਰਦਾਨ ਕਰਦੀਆਂ ਹਨ।

- ਸੰਸਥਾਵਾਂ ਜਿਨ੍ਹਾਂ ਨੂੰ ਪਾਲਣਾ ਕਰਨੀ ਪਵੇਗੀ ਉਨ੍ਹਾਂ ਦੀਆਂ ਕੁਝ ਉਦਾਹਰਨਾਂ ਵਿੱਚ ਸ਼ਾਮਲ ਹਨ:
    - ਬਾਲ ਸੰਭਾਲ ਅਤੇ ਬੱਚਿਆਂ ਦਾ ਧਿਆਨ ਰੱਖਣ ਵਾਲੀਆਂ (ਬੇਬੀਸਿਟਿੰਗ) ਸੇਵਾਵਾਂ
    - ਕਲੱਬਾਂ ਅਤੇ ਐਸੋਸੀਏਸ਼ਨਾਂ ਜਿੰਨ੍ਹਾਂ ਵਿੱਚ ਬੱਚਿਆਂ ਦੀ ਵਾਹਵਾ ਮੈਂਬਰਸ਼ਿਪ ਹੈ, ਜਾਂ ਉਹਨਾਂ ਦੀ ਸ਼ਮੂਲੀਅਤ ਹੈ
    - ਵਿਸ਼ਵਾਸ-ਅਧਾਰਿਤ ਸਮੂਹ ਜਾਂ ਧਾਰਮਿਕ ਸੰਸਥਾਵਾਂ ਜੋ ਅਜਿਹੀਆਂ ਗਤੀਵਿਧੀਆਂ ਜਾਂ ਸੇਵਾਵਾਂ ਕਰਦੀਆਂ ਹਨ ਜਿੰਨ੍ਹਾਂ ਰਾਹੀਂ ਬਾਲਗਾਂ ਦਾ ਬੱਚਿਆਂ ਨਾਲ ਸੰਪਰਕ ਹੁੰਦਾ ਹੈ।

**ਮੈਨੂੰ ਕੀ ਕਰਨਾ ਪਵੇਗਾ?**

- ਢਾਂਚੇ ਵਿੱਚ ਬੱਚਿਆਂ ਅਤੇ ਨੌਜਵਾਨਾਂ ਦੇ ਸੁਰੱਖਿਆ ਮਿਆਰ (Child and Youth Safe Standards), ਅਤੇ ਰਿਪੋਰਟ ਕਰਨ ਯੋਗ ਵਿਵਹਾਰ ਵਾਲੀ ਸਕੀਮ (Reportable Conduct Scheme) ਦੋਵੇਂ ਸ਼ਾਮਲ ਹਨ।

- ਬੱਚਿਆਂ ਅਤੇ ਨੌਜਵਾਨਾਂ ਦੇ ਸੁਰੱਖਿਆ ਮਿਆਰ 10 ਸਿਧਾਂਤ ਹਨ ਜੋ ਸੰਸਥਾਵਾਂ ਨੂੰ ਲਾਜ਼ਮੀ ਤੌਰ 'ਤੇ ਅਮਲ ਵਿੱਚ ਲਿਆਉਣੇ ਚਾਹੀਦੇ ਹਨ ਜਦੋਂ ਉਹ ਬੱਚਿਆਂ ਅਤੇ ਨੌਜਵਾਨਾਂ ਨਾਲ ਜੁੜਦੇ ਹਨ। ਬੱਚਿਆਂ ਅਤੇ ਨੌਜਵਾਨਾਂ ਦੇ ਸੁਰੱਖਿਆ ਮਿਆਰ ਨੂੰ ਅਮਲ ਵਿੱਚ ਲਿਆਉਣ ਲਈ, ਸੰਸਥਾਵਾਂ ਨੂੰ ਐਬੋਰਿਜਿਨਲ ਸਭਿਆਚਾਰਕ ਸੁਰੱਖਿਆ ਦੇ ਸਰਵ ਵਿਆਪਕ ਸਿਧਾਂਤ (Universal Principle for Aboriginal Cultural Safety) ਦੇ ਪ੍ਰਭਾਵ ਨੂੰ ਵੀ

ਕਬੂਲ ਕਰਨਾ ਚਾਹੀਦਾ ਹੈ।

- ਰਿਪੋਰਟ ਕਰਨ ਯੋਗ ਵਿਵਹਾਰ ਵਾਲੀ ਸਕੀਮ ਇਕ ਨਵੀਂ, ਲਾਜ਼ਮੀ ਸਕੀਮ ਹੈ ਜਿਸ ਵਿੱਚ ਕੁਝ ਸੰਸਥਾਵਾਂ ਦੇ ਨੇਤਾਵਾਂ ਨੂੰ ਕਿਸੇ ਕਰਮਚਾਰੀ ਨਾਲ ਜੁੜੇ ਬਾਲ ਸ਼ੋਸ਼ਣ ਨਾਲ ਸਬੰਧਤ ਵਿਵਹਾਰ ਬਾਰੇ ਚਿੰਤਾਵਾਂ ਦੀ ਰਿਪੋਰਟ ਕਰਨ ਅਤੇ ਜਾਂਚ ਕਰਨ ਦੀ ਲੋੜ ਹੁੰਦੀ ਹੈ।

- ਢਾਂਚੇ ਦੀ ਪਾਲਣਾ ਕਰਨ ਲਈ ਲੋੜੀਂਦੀਆਂ ਸੰਸਥਾਵਾਂ ਨੂੰ ਆਪਣੀਆਂ ਨਵੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਸਹਾਇਤਾ ਪ੍ਰਾਪਤ ਹੋਵੇਗੀ ਅਤੇ ਹੋ ਸਕਦਾ ਹੈ ਕਿ ਉਹ ਪਹਿਲਾਂ ਹੀ ਅਜਿਹੀਆਂ ਚੀਜ਼ਾਂ ਕਰ ਰਹੇ ਹੋਣ ਜਿਸ ਦਾ ਮਤਲਬ ਹੈ ਕਿ ਉਹ ਪਾਲਣਾ ਕਰ ਰਹੇ ਹਨ।

## ਬੱਚਿਆਂ ਅਤੇ ਨੌਜਵਾਨਾਂ ਦੇ ਸੁਰੱਖਿਆ ਮਿਆਰ (Child and Youth Safe Standards)

ਬੱਚਿਆਂ ਅਤੇ ਨੌਜਵਾਨਾਂ ਦੇ ਸੁਰੱਖਿਆ ਮਿਆਰ 10 ਸਿਧਾਂਤ ਹਨ ਜੋ ਦੱਸਦੇ ਹਨ ਕਿ ਕਿਵੇਂ ਕੋਈ ਸੰਸਥਾ ਆਪਣੇ ਕੇਂਦਰ ਵਿੱਚ ਬਾਲ ਸੁਰੱਖਿਆ ਅਤੇ ਭਲਾਈ ਦੇ ਨਾਲ ਇਕ ਸਭਿਆਚਾਰ ਵਿਕਸਿਤ ਕਰ ਸਕਦੀ ਹੈ।

ਬੱਚਿਆਂ ਅਤੇ ਨੌਜਵਾਨਾਂ ਦੇ ਸੁਰੱਖਿਆ ਮਿਆਰ ਇਸ ਲਈ ਤਿਆਰ ਕੀਤੇ ਗਏ ਹਨ:

- ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਤ ਕਰਨਾ
- ਬੱਚਿਆਂ ਅਤੇ ਨੌਜਵਾਨਾਂ ਨੂੰ ਦੁਰਵਿਵਹਾਰ ਅਤੇ ਨੁਕਸਾਨ ਤੋਂ ਰੋਕਣਾ
- ਮਾਪਦੰਡ ਬਣਾਉਣਾ ਜੋ ਬੱਚਿਆਂ ਅਤੇ ਨੌਜਵਾਨਾਂ ਨਾਲ ਜੁੜਨ ਵਾਲੀਆਂ ਸੰਸਥਾਵਾਂ ਨੂੰ ਪੂਰਾ ਕਰਨ ਦੀ ਲੋੜ ਹੈ
- ਇਹ ਯਕੀਨੀ ਬਣਾਉਣਾ ਕਿ ਉਹ ਸੰਸਥਾਵਾਂ ਜੋ ਬੱਚਿਆਂ ਅਤੇ ਨੌਜਵਾਨਾਂ ਨਾਲ ਜੁੜਦੀਆਂ ਹਨ ਇਨ੍ਹਾਂ ਚੀਜ਼ਾਂ ਨੂੰ ਸਮਝਣ ਲਈ ਆਪਣੇ ਰੋਜ਼ਾਨਾ ਅਭਿਆਸ ਦੀਆਂ ਰਣਨੀਤੀਆਂ ਵਿੱਚ ਸ਼ਾਮਲ ਕਰਦੀਆਂ ਹਨ।

ਸਾਰੇ 10 ਮਿਆਰਾਂ ਨੂੰ ਅਮਲ ਵਿੱਚ ਲਿਆਉਣ ਵਿੱਚ, ਸੰਸਥਾਵਾਂ ਨੂੰ ਐਬੋਰਿਜ਼ਿਨਲ ਸਭਿਆਚਾਰਕ ਸੁਰੱਖਿਆ (Aboriginal Cultural Safety) ਲਈ ਸਰਵ ਵਿਆਪਕ ਸਿਧਾਂਤ (Universal Principle) ਨਾਮਕ ਚੀਜ਼ ਦਾ ਵੀ ਪ੍ਰਭਾਵ ਵੀ ਕਬੂਲ ਕਰਨਾ ਚਾਹੀਦਾ ਹੈ।

ਸਰਵ ਵਿਆਪਕ ਸਿਧਾਂਤ ਕਹਿੰਦਾ ਹੈ ਕਿ ਸੰਸਥਾਵਾਂ ਨੂੰ ਅਜਿਹਾ ਵਾਤਾਵਰਣ ਪ੍ਰਦਾਨ ਕਰਨਾ ਚਾਹੀਦਾ ਹੈ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਐਬੋਰਿਜ਼ਿਨਲ ਜਾਂ ਟੋਰੇਸ ਸਟ੍ਰੇਟ ਆਈਲੈਂਡਰ (Aboriginal or Torres Strait Islander) ਬੱਚਿਆਂ ਦੀ ਸਭਿਆਚਾਰਕ ਸੁਰੱਖਿਆ (Cultural Safety) ਦੇ ਅਧਿਕਾਰ ਦਾ ਸਨਮਾਨ ਕੀਤਾ ਜਾਵੇ।

10 ਮਿਆਰ ਇਹ ਹਨ:

**ਮਿਆਰ 1:** ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਸੰਸਥਾ ਦੇ ਆਗੂਪੁਣੇ, ਸ਼ਾਸਨ ਅਤੇ ਸਭਿਆਚਾਰ ਵਿੱਚ ਸ਼ਾਮਲ ਹੈ।

**ਮਿਆਰ 2:** ਬੱਚਿਆਂ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ, ਉਹ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ।

**ਮਿਆਰ 3:** ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਅਤੇ ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਤ ਕਰਨ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

**ਮਿਆਰ 4:** ਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਅਭਿਆਸ ਵਿੱਚ ਵਿਭਿੰਨ ਲੋੜਾਂ ਦਾ ਸਨਮਾਨ ਕੀਤਾ ਜਾਂਦਾ ਹੈ।

**ਮਿਆਰ 5:** ਬੱਚਿਆਂ ਅਤੇ ਨੌਜਵਾਨਾਂ ਨਾਲ ਕੰਮ ਕਰਨ ਵਾਲੇ ਲੋਕ, ਅਭਿਆਸ ਵਿੱਚ ਬਾਲ ਸੁਰੱਖਿਆ ਅਤੇ ਭਲਾਈ ਦੀਆਂ ਕਦਰਾਂ ਕੀਮਤਾਂ ਨੂੰ ਦਰਸਾਉਣ ਲਈ ਢੁੱਕਵੇਂ ਹਨ ਅਤੇ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਪ੍ਰਾਪਤ ਹੈ।

**ਮਿਆਰ 6:** ਸ਼ਿਕਾਇਤਾਂ ਅਤੇ ਸ਼ੰਕਿਆਂ ਦਾ ਜਵਾਬ ਦੇਣ ਦੀਆਂ ਪ੍ਰਕਿਰਿਆਵਾਂ ਬਾਲ ਕੇਂਦ੍ਰਿਤ ਹਨ।

**ਮਿਆਰ 7:** ਅਮਲਾ ਅਤੇ ਸਵੈ-ਸੇਵਕ ਲਗਾਤਾਰ ਚੱਲ ਰਹੀ ਸਿੱਖਿਆ ਅਤੇ ਸਿਖਲਾਈ ਰਾਹੀਂ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਰੱਖਣ ਲਈ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ।

**ਮਿਆਰ 8:** ਸਰੀਰਕ ਅਤੇ ਔਨਲਾਈਨ ਵਾਤਾਵਰਣ, ਸੁਰੱਖਿਆ ਅਤੇ ਭਲਾਈ ਨੂੰ ਉਤਸ਼ਾਹਤ ਕਰਦੇ ਹਨ ਅਤੇ ਨਾਲ ਹੀ ਇਹ ਬੱਚਿਆਂ ਅਤੇ ਨੌਜਵਾਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਕਰਦੇ ਹਨ।

**ਮਿਆਰ 9:** ਬੱਚਿਆਂ ਅਤੇ ਨੌਜਵਾਨ ਸੁਰੱਖਿਅਤ ਮਿਆਰਾਂ ਨੂੰ ਲਾਗੂ ਕਰਨ ਦੀ ਨਿਯਮਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰ ਕੀਤਾ ਜਾਂਦਾ ਹੈ।

**ਮਿਆਰ 10:** ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਦਸਤਾਵੇਜ਼ ਵਿਖਾਉਂਦੇ ਹਨ ਕਿ ਸੰਸਥਾ ਬੱਚਿਆਂ ਅਤੇ ਨੌਜਵਾਨਾਂ ਲਈ ਕਿਵੇਂ ਸੁਰੱਖਿਅਤ ਹੈ।

ਬੱਚਿਆਂ ਅਤੇ ਨੌਜਵਾਨਾਂ ਦੇ ਸੁਰੱਖਿਆ ਮਿਆਰਾਂ ਨੂੰ ਰਿਪੋਰਟ ਕਰਨ ਯੋਗ ਵਿਵਹਾਰ ਵਾਲੀ ਸਕੀਮ (Reportable Conduct Scheme), ਦੁਆਰਾ ਪੂਰਕ ਕੀਤਾ ਜਾਂਦਾ ਹੈ, ਜੋ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਦੇ ਸੰਸਥਾਤਮਕ ਢਾਂਚੇ (Child and Youth Safe Organisations Framework) ਦਾ ਦੂਜਾ ਮੁੱਖ ਤੱਤ ਹੈ।

# ਰਿਪੋਰਟ ਕਰਨ ਯੋਗ ਵਿਵਹਾਰ ਦੀ ਸਕੀਮ

ਰਿਪੋਰਟ ਕਰਨ ਯੋਗ ਵਿਵਹਾਰ ਦੀ ਸਕੀਮ ਉਹਨਾਂ ਸੰਸਥਾਵਾਂ ਬਾਰੇ ਹੈ ਜੋ ਬੱਚਿਆਂ ਅਤੇ ਨੌਜਵਾਨਾਂ ਨਾਲ ਜੁੜਦੇ ਹਨ ਅਤੇ ਉਨ੍ਹਾਂ ਦੀ ਭਲਾਈ ਬਾਰੇ ਚਿੰਤਾਵਾਂ ਦੀ ਪੂਰੀ, ਪਾਰਦਰਸ਼ੀ, ਸੁਰੱਖਿਅਤ ਅਤੇ ਬਾਲ-ਕੇਂਦ੍ਰਿਤ ਤਰੀਕੇ ਨਾਲ ਜਾਂਚ ਕਰਦੇ ਹਨ।

ਇਸ ਦੀ ਨਿਗਰਾਨੀ ਸੁਤੰਤਰ ਪ੍ਰਬੰਧਕ (ਰੈਗੂਲੇਟਰ) ਦੁਆਰਾ ਕੀਤੀ ਜਾਂਦੀ ਹੈ ਜੋ ਨਿਗਰਾਨੀ ਕਰਦਾ ਹੈ ਕਿ ਇਹ ਜਾਂਚਾਂ ਕਿਵੇਂ ਕੀਤੀਆਂ ਜਾਂਦੀਆਂ ਹਨ, ਜਿਸ ਦਾ ਉਦੇਸ਼ ਸੰਸਥਾਵਾਂ ਨੂੰ ਉਨ੍ਹਾਂ ਦੇ ਹੁਨਰ ਅਤੇ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਵਿਸ਼ਵਾਸ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਕਰਨਾ ਹੈ।

ਇਹ ਵਿਸ਼ੇਸ਼ ਸੰਸਥਾਵਾਂ ਦੇ ਨੇਤਾਵਾਂ ਨੂੰ ਹੇਠ ਲਿਖਿਆ ਕਰਨ ਦੀ ਲੋੜ ਕਰਕੇ ਅਜਿਹਾ ਕਰਦੀ ਹੈ:

- ਆਪਣੀ ਸੰਸਥਾ ਵਿੱਚਲੇ ਕਿਸੇ ਕਰਮਚਾਰੀ ਦੀ ਬਾਲ ਸ਼ੋਸ਼ਣ ਨਾਲ ਸਬੰਧਿਤ ਵਿਵਹਾਰ ਦੀਆਂ ਚਿੰਤਾਵਾਂ ਦੀ ਰਿਪੋਰਟ Independent Regulator ਨੂੰ ਕਰੋ, ਅਤੇ

- ਇਨ੍ਹਾਂ ਚਿੰਤਾਵਾਂ ਦੀ ਜਾਂਚ ਕਰੋ।

'ਕਰਮਚਾਰੀ' ਤੋਂ ਸਾਡਾ ਮਤਲਬ ਵਾਲੰਟੀਅਰਾਂ ਤੋਂ ਵੀ ਹੈ।

ਰਿਪੋਰਟ ਕਰਨ ਯੋਗ ਵਿਵਹਾਰ ਵਿੱਚ ਇਹ ਸ਼ਾਮਲ ਹਨ:

- ਮਹੱਤਵਪੂਰਨ ਭਾਵਨਾਤਮਕ ਜਾਂ ਮਨੋਵਿਗਿਆਨਕ ਨੁਕਸਾਨ
- ਮਹੱਤਵਪੂਰਨ ਅਣਗਹਿਲੀ
- ਸਰੀਰਕ ਹਿੰਸਾ
- ਜਿਨਸੀ ਅਪਰਾਧ
- ਜਿਨਸੀ ਦੁਰਵਿਵਹਾਰ
- ਗਲਤ ਕੰਮ ਲਈ ਤਿਆਰ ਕਰਨਾ (ਗਰੂਮਿੰਗ)
- ਸੰਬੰਧਿਤ ਅਪਰਾਧ ਜਿਵੇਂ ਕਿ ਬਾਲ ਸ਼ੋਸ਼ਣ ਅਤੇ ਔਰਤਾਂ ਦੇ ਜਣਨ ਅੰਗਾਂ ਦੇ ਕੱਟਣ-ਵੱਢਣ ਦੀ ਰਿਪੋਰਟ ਕਰਨ ਵਿੱਚ ਅਸਫ਼ਲ ਰਹਿਣਾ।

ਰਿਪੋਰਟ ਕਰਨ ਯੋਗ ਵਿਵਹਾਰ ਦੀ ਸਕੀਮ ਅਸਲ ਵਿੱਚ ਕਿਵੇਂ ਕੰਮ ਕਰਦੀ ਹੈ:

- **ਤਿੰਨ ਕਾਰੋਬਾਰੀ ਦਿਨਾਂ ਦੇ ਅੰਦਰ:** ਨੇਤਾਵਾਂ ਨੂੰ ਲਿਖਤੀ ਰੂਪ ਵਿੱਚ ਸੁਤੰਤਰ ਰੈਗੂਲੇਟਰ ਨੂੰ ਰਿਪੋਰਟ ਕਰਨ ਯੋਗ ਵਿਵਹਾਰ ਦੀ ਰਿਪੋਰਟ ਕਰਨੀ ਚਾਹੀਦੀ ਹੈ। ਉਹਨਾਂ ਨੂੰ ਲਾਜ਼ਮੀ ਤੌਰ 'ਤੇ ਮੁੱਢਲੇ ਵੇਰਵੇ ਪ੍ਰਦਾਨ ਕਰਨੇ ਚਾਹੀਦੇ ਹਨ ਜਿਵੇਂ ਕਿ:
    - ਕਰਮਚਾਰੀ ਦਾ ਨਾਮ ਅਤੇ, ਜੇ ਪਤਾ ਹੋਵੇ, ਤਾਂ ਜਨਮ ਦੀ ਤਰੀਕ
    - ਰਿਪੋਰਟ ਕਰਨ ਯੋਗ ਵਿਵਹਾਰ ਦਾ ਦੋਸ਼ ਲਗਾਇਆ ਗਿਆ ਹੈ, ਜਾਂ ਇਹ ਕਿ ਕਿਸੇ ਕਰਮਚਾਰੀ ਦੇ ਖਿਲਾਫ ਰਿਪੋਰਟ ਕਰਨ ਯੋਗ ਸਜ਼ਾ ਦਰਜ ਕੀਤੀ ਗਈ ਹੈ
    - ਜੇ ਰਿਪੋਰਟ ਕਰਨ ਯੋਗ ਦੋਸ਼ ਸ਼ੱਕੀ ਅਪਰਾਧਿਕ ਵਿਵਹਾਰ ਹੈ, ਜੇ ਤਸਮਾਨੀਆ ਪੁਲਿਸ ਨੂੰ ਸੂਚਿਤ ਕੀਤਾ ਗਿਆ ਹੈ
    - ਸੰਸਥਾ ਦਾ ਨਾਮ, ਪਤਾ ਅਤੇ ਟੈਲੀਫ਼ੋਨ ਨੰਬਰ
    - ਸੰਸਥਾ ਦੇ ਨੇਤਾ ਦਾ ਨਾਮ।
- **ਜਿੰਨੀ ਜਲਦੀ ਹੋ ਸਕੇ:** ਨੇਤਾਵਾਂ ਨੂੰ ਲਾਜ਼ਮੀ ਤੌਰ 'ਤੇ ਜਾਂਚ ਸ਼ੁਰੂ ਕਰਨੀ ਚਾਹੀਦੀ ਹੈ (ਜਾਂ ਅਜਿਹਾ ਕਰਨ ਲਈ ਸੁਤੰਤਰ ਜਾਂਚਕਰਤਾ ਪ੍ਰਾਪਤ ਕਰਨਾ ਚਾਹੀਦਾ ਹੈ)।
- **30 ਦਿਨਾਂ ਦੇ ਅੰਦਰ:** ਨੇਤਾਵਾਂ ਨੂੰ ਸੁਤੰਤਰ ਰੈਗੂਲੇਟਰ ਨੂੰ ਵਿਸਥਾਰ ਵਿੱਚ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਵਿੱਚ ਸ਼ਾਮਲ ਹਨ:
    - ਦੋਸ਼ ਜਾਂ ਸਜ਼ਾ ਬਾਰੇ ਜਾਣਕਾਰੀ

  - ਕੀ ਕੋਈ ਕਾਰਵਾਈ ਕੀਤੀ ਗਈ ਹੈ (ਉਦਾਹਰਨ ਲਈ, ਬੱਚਿਆਂ ਨਾਲ ਕਿਸੇ ਕਰਮਚਾਰੀ ਦੇ ਸੰਪਰਕ 'ਤੇ ਪਾਬੰਦੀ ਲਗਾਉਣਾ)
  - ਕੋਈ ਲਿਖਤੀ ਪੇਸ਼ਕਸ਼ਾਂ ਜਮ੍ਹਾਂ ਕੀਤੀਆਂ ਗਈਆਂ ਹਨ।
- **ਜਾਂਚ ਦੇ ਅੰਤ 'ਤੇ**: ਨੇਤਾਵਾਂ ਨੂੰ ਸੁਤੰਤਰ ਰੈਗੂਲੇਟਰ ਨੂੰ ਹੇਠ ਲਿਖੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ:
  - ਜਾਂਚ ਦੇ ਨਤੀਜੇ
  - ਨਤੀਜਿਆਂ ਦੇ ਕਾਰਨ
  - ਨਤੀਜੇ ਵਜੋਂ ਕੀਤੀਆਂ ਗਈਆਂ ਕਿਸੇ ਵੀ ਕਾਰਵਾਈਆਂ ਦਾ ਵੇਰਵਾ।

ਇਨ੍ਹਾਂ ਜਾਂਚਾਂ ਨੂੰ ਕਿਸੇ ਵੀ ਆਮ ਕੰਮ ਦੀ ਜਗ੍ਹਾ ਦੀ ਜਾਂਚ ਦੇ ਸਮਾਨ ਮੰਨਿਆ ਜਾ ਸਕਦਾ ਹੈ ਜੋ ਸੰਭਾਵਿਤ ਕੰਮ ਦੇ ਦੁਰਵਿਵਹਾਰ ਬਾਰੇ ਹੈ।

ਜੇ ਤੁਹਾਡੇ ਕੋਈ ਸਵਾਲ ਹਨ, ਤਾਂ https://www.justice.tas.gov.au/carcru/framework

## ਮੁੱਖ ਸ਼ਬਦ:

**ਸੰਸਥਾ ਦਾ ਨੇਤਾ** - ਕਿਸੇ ਸੰਸਥਾ ਦਾ ਨੇਤਾ ਉਹ ਵਿਅਕਤੀ ਹੁੰਦਾ ਹੈ ਜੋ ਸੰਸਥਾ ਦੇ ਫੈਸਲੇ ਲੈਣ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੁੰਦਾ ਹੈ। ਇਹ ਮੁੱਖ ਕਾਰਜਕਾਰੀ ਅਧਿਕਾਰੀ (CEO), ਪ੍ਰਮੁੱਖ ਅਧਿਕਾਰੀ (ਇਸ ਵਿੱਚ ਕਾਰੋਬਾਰ ਦਾ ਮਾਲਕ ਜਾਂ ਉਸ ਸ਼ਾਖਾ ਦਾ ਕਰਤਾ-ਧਰਤਾ (ਫ੍ਰੈਂਚਾਇਜ਼ੀ) ਸ਼ਾਮਲ ਹੋ ਸਕਦਾ ਹੈ) ਜਾਂ ਸੰਸਥਾ ਦਾ ਮਨਜ਼ੂਰਸ਼ੁਦਾ ਮੁਖੀ ਹੋ ਸਕਦਾ ਹੈ।

**ਸੰਸਥਾ** - ਸੰਸਥਾ ਜਿਵੇਂ ਕਿ ਇਕ ਕੰਪਨੀ, ਇਕ ਸੰਗਠਨ, ਜਾਂ ਇਕ ਐਸੋਸੀਏਸ਼ਨ, ਜਿਵੇਂ ਕਿ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਦੇ ਸੰਸਥਾਤਮਕ ਢਾਂਚੇ ਦੀ ਵੈਬਸਾਈਟ ਤੇ ਸੂਚੀਬੱਧ ਕੀਤਾ ਗਿਆ ਹੈ।

**ਕਾਨੂੰਨੀ ਲੋੜਾਂ** - ਲਾਜ਼ਮੀ ਨਿਯਮ ਜਿੰਨ੍ਹਾਂ ਦੀ ਸੰਸਥਾਵਾਂ ਨੂੰ ਪਾਲਣਾ ਕਰਨੀ ਚਾਹੀਦੀ ਹੈ।

**ਬੱਚੇ** - 18 ਸਾਲ ਤੋਂ ਘੱਟ ਉਮਰ ਦੇ ਲੋਕ।

**ਨੌਜਵਾਨ ਲੋਕ** - 16 ਸਾਲ ਤੋਂ ਵੱਧ ਪਰ 18 ਸਾਲ ਤੋਂ ਘੱਟ ਉਮਰ ਦੇ ਲੋਕ।

**ਰਿਪੋਰਟ ਕਰਨ ਯੋਗ ਵਿਵਹਾਰ** - ਕਿਸੇ ਸੰਸਥਾ ਦੇ ਕਰਮਚਾਰੀ ਦੁਆਰਾ ਕੀਤਾ ਬਾਲ ਸ਼ੋਸ਼ਣ ਨਾਲ ਸਬੰਧਤ ਵਿਵਹਾਰ, ਜਿਵੇਂ ਕਿ ਬੱਚਿਆਂ ਅਤੇ ਨੌਜਵਾਨਾਂ ਦੀ ਸੁਰੱਖਿਆ ਦੇ ਸੰਸਥਾਤਮਕ ਢਾਂਚੇ ਦੀ ਵੈਬਸਾਈਟ 'ਤੇ ਸੂਚੀਬੱਧ ਕੀਤਾ ਗਿਆ ਹੈ।